# Epidural Information Card - Punjabi 2008

# ਐਪੀਡਿਊਰਲ ਬਾਰੇ ਜਾਣਕਾਰੀ ਦਾ ਕਾਰਡ

ਲੇਬਰ ਵਿਚ ਐਪੀਡਿਊਰਲ - ਜੋ ਗੱਲਾਂ ਤੁਹਾਨੂੰ ਪਤਾ ਹੋਣਾ ਚਾਹੀਦੀਆਂ ਹਨ।

ਇਹ ਕਾਰਡ ਇਕ ਸਾਰ ਹੈ – ਵਧੇਰੇ ਜਾਣਕਾਰੀ ਲਈ www.oaaformothers.info ਵੈੱਬਸਾਈਟ ਤੇ ਜਾਓ। ਜਿਹੜੀ ਗੱਲ ਦੀ ਨਾ ਸਮਝ ਲਗੇ, ਆਪਣੇ ਅਨਿਸਥੇਟਿਸਟ ( ਬੇਹੋਸ਼ੀ ਦੇ ਡਾਕਟਰ) ਨਾਲ ਗੱਲ ਕਰੋ।

## ਐਪੀਡਿਊਰਲ ਲਗਵਾਉਣਾ–

- ਤੁਹਾਨੂੰ ਹੱਥ ਜਾਂ ਬਾਂਹ ਤੇ ਇੱਕ ਧਮਣੀ ਵਿੱਚ ਕੈਨੂਲਾ ਪਾਇਆ ਜਾਂਦਾ ਹੈ ਤੇ ( ਪਤਲੀ ਪਲਾਸਟਿਕ ਟਿਊਬ)ਹੋ ਸਕਦਾ ਹੈ ਕਿ ਡਰਿਪ ਵੀ ਦਿੱਤੀ ਜਾਵੇ।
- ਜਦੋਂ ਤੁਹਾਨੂੰ ਐਪੀਡਿਊਰਲ ਲੱਗ ਰਿਹਾ ਹੋਵੇ ਤਾਂ ਤੁਹਾਨੂੰ ਬਿਲਕੁਲ ਵੀ ਹਿੱਲਣਾ ਨਹੀ ਚਾਹੀਦਾ ਅਤੇ ਜਦੋਂ ਤੁਹਾਨੂੰ ਦਰਦ ਆਉਂਦਾ ਹੈ ਤਾਂ ਅਨਿਸਥੇਟਿਸਟ ਨੂੰ ਦੱਸੋ ।
- ਐਪੀਡਿਊਰਲ ਲਗਾਉਣ ਲਈ ਲੱਗਭੱਗ 20 ਮਿੰਟ ਲਗਦੇ ਹਨ ਅਤੇ ਲਗਭੱਗਮਿੰਟ ਵਿੱਚ ਇਹ ਦਰਦ ਤੋਂ ਰਾਹਤ ਦਵਾਉਂਦਾ ਹੈ 20 ।
- ਕਈ ਵਾਰ ਐਪੀਡਿਊਰਲ ਦਰਦ ਤੋਂ ਆਰਾਮ ਨਹੀਂ ਦਿੰਦਾ ਤੇ ਤੁਹਾਡੇ ਅਨੀਸਥੇਟਿਸਟ ਨੂੰ ਇਹ ਠੀਕ ਕਰਨਾ ਪੈਂਦਾ ਹੈ ਅਤੇ ਕਈ ਵਾਰ ਐਪੀਡਿਊਰਲ ਕੈਥੀਟਰ ਕੱਢ ਕੇ ਦੁਆਰਾ ਪਾਉਣਾ ਪੈਂਦਾ ਹੈ।

## ਐਪੀਡਿਊਰਲ ਦੇ ਫਾਇਦੇ

- ਐਪੀਡਿਊਰਲ ਲੇਬਰ ਦਾ ਦਰਦ ਲਈ ਸਭ ਤੋਂ ਜਿਆਦਾ ਵਧੀਆ ਹੈ।
- ਕਈ ਵਾਰ ਜਲਦੀ ਆਰਾਮ ਲਈ ਪਹਿਲਾਂ ਸਪਾਈਨਲ ਲਗਾਇਆ ਜਾਂਦਾ ਹੈ।
- ਸੁੰਨ ਕਰਨ ਦੀ ਦਵਾਈ ਦੀ ਕਿਸਮ ਅਤੇ ਮਾਤਰਾ ਤੁਹਾਡੇ ਤੁਰਨ (ਮੰਜੇ ਦੇ ਆਲੇ ਦੁਆਲੇ ) ਵਾਸਤੇ ਬਦਲੀ ਜਾ ਸਕਦੀ ਹੈ। ਇਸ ਤਕਨੀਕ ਨੂੰ – 'ਮੋਬਾਇਲ ਐਪੀਡਿਊਰਲ' ਕਿਹਾ ਜਾਂਦਾ ਹੈ।
- ਆਮ ਕਰਕੇ ਐਪੀਡਿਊਰਲ ਨਾਲ ਤੁਹਾਡੇ ਨਵਜੰਮੇ ਬੱਚੇ ਤੇ ਅਸਰ ਨਹੀਂ ਹੁੰਦਾ।
- ਜੇ ਤੁਹਾਨੂੰ ਵੱਡੇ ਓਪਰੇਸ਼ਨ ਦੀ ਜਰੂਰਤ ਪੈਂਦੀ ਹੈ ਤਾਂ ਐਪੀਡਿਊਰਲ ਕੈਥੀਟਰ ਰਾਹੀਂ ਸੁੰਨ ਕਰਨ ਦੀ ਤੇਜ ਦਵਾਈ ਪਾ ਕੇ ਤੁਹਾਡੇ ਸਰੀਰ ਦੇ ਹੇਠਲੇ ਹਿੱਸੇ ਨੂੰ ਓਪਰੇਸ਼ਨ ਲਈ ਸੁੰਨ ਕੀਤਾ ਜਾਂਦਾ ਹੈ।

## ਐਪੀਡਿਊਰਲ ਦੌਰਾਨ ਸੰਭਵ ਖਤਰੇ–

- ਬਾਰ ਬਾਰ ਟੌਪਅਪ ਕਾਰਣ ਥੋੜੇ ਸਮੇ ਲਈ ਤੁਹਾਡੀਆਂ ਲੱਤਾਂ ਕਮਜੋਰ ਮਹਿਸੂਸ ਹੋ ਸਕਦੀਆਂ ਹਨ ਅਤੇ ਤੁਹਾਡੇ ਬੱਚੇ ਦੇ ਜਨਮ ਵਾਸਤੇ ਔਜਾਰ (ਫੋਰਸੈਪਸ ਜਾਂ ਵੈਂਟੂਸ ) ਦੀ ਜਰੂਰਤ ਪੈ ਸਕਦੀ ਹੈ।
- ਐਪੀਡਿਊਰਲ ਨਾਲ ਲੇਬਰ ਦੀ ਦੂਜੀ ਸਟੇਜ ਥੋੜੀ ਹੌਲੀ ਹੋ ਜਾਂਦੀ ਹੈ।
- ਤੁਹਾਡਾ ਐਪੀਡਿਊਰਲ ਦੌਰਾਨ ਬਲੱਡ ਪਰੈਸ਼ਰ ਘਟ ਸਕਦਾ ਹੈ, ਖੁਰਕ ਜਾਂ ਬੁਖਾਰ ਹੋ ਸਕਦਾ ਹੈ।
- ਤੁਹਾਡੀ ਪਿੱਠ ਵਿੱਚ ਐਪੀਡਿਊਰਲ ਦੀ ਜਗਾਹ ਤੇ ਕੁਝ ਦਿਨਾਂ ਵਾਸਤੇ ਦਬਾਏ ਤੋਂ ਦਰਦ ਹੋ ਸਕਦਾ ਹੈ।
- ਐਪੀਡਿਊਰਲ ਨਾਲ ਪਿੱਠ ਦਾ ਦਰਦ ਨਹੀਂ ਹੁੰਦਾ , ਪਰ ਬੱਚੇ ਦੇ ਜਨਮ ਤੋਂ ਬਾਅਦ ਵਿੱਚ ਆਮ ਕਰਕੇ ਹੁੰਦਾ ਹੈ।

**ਇਸ ਕਾਰਡ ਦਾ ਦੂਸਰਾ ਪਾਸਾਤੁਹਾਨੂੰ ਐਪੀਡਿਊਰਲ ਦੇ ਖਤਰਿਆਂ ਬਾਰੇ ਦਸਦਾ ਹੈ**

© ਓਬਸਟੈਟਰਿਕ ਅਨੇਸਥੀਸੀਆ ਐਸੋਸੀਏਸ਼ਨ, ਜਨਵਰੀ 2008

# ਐਪੀਡਿਊਰਲ ਬਾਰੇ ਜਾਣਕਾਰੀ ਦਾ ਕਾਰਡ

## ਬੱਚੇ ਦੇ ਜਨਮ ਦਾ ਦਰਦ ਘਟਾਉਣ ਲਈ ਐਪੀਡਿਊਰਲ ਜਾਂ ਸਪਾਈਨਲ ਦੇ ਖਤਰੇ

| ਖਤਰੇ ਦੀ ਕਿਸਮ | ਇਸ ਦੀ ਸੰਭਾਵਨਾ ਕਿੰਨੀ ਹੈ | ਇਹ ਕਿੰਨਾ ਕੁ ਵਾਪਰਦਾ ਹੈ |
|---|---|---|
| ਕਾਫ਼ੀ ਹੱਦ ਤੱਕ ਬਲੱਡ ਪਰੈਸ਼ਰ ਦਾ ਘਟਣਾ | 50 ਵਿੱਚੋਂ ਇੱਕ ਔਰਤ ਨੂੰ | ਕਦੇ ਕਦਾਈਂ ਹੋਣ ਵਾਲਾ। |
| ਦਰਦ ਨੂੰ ਘਟਾਉਣ ਵਾਸਤੇ ਚੰਗੀ ਤਰਾਂ ਅਸਰ ਨਾ ਕਰੇ ਤੇ ਤੁਹਾਨੂੰ ਦਰਦ ਘਟਾਉਣ ਦੇ ਹੋਰ ਤਰੀਕੇ ਵਰਤਣੇ ਪੈਣ | 8 ਵਿੱਚੋਂ ਇੱਕ ਔਰਤ ਨੂੰ | ਆਮ ਹੈ। |
| ਵੱਡੇ ਓਪਰੇਸ਼ਨ ਲਈ ਕਾਫ਼ੀ ਨਾ ਹੋਵੇ ਤੇ ਤੁਹਾਨੂੰ ਬੇਹੋਸ਼ੀ ਦੀ ਲੋੜ ਪਵੇ | 20 ਵਿੱਚੋਂ ਇੱਕ ਔਰਤ ਨੂੰ | ਕਦੇ ਕਦੇ |
| ਤੇਜ ਸਿਰਦਰਦ | 100 ਵਿੱਚੋਂ ਇੱਕ ਔਰਤ ਨੂੰ (ਐਪੀਡਿਊਰਲ ਨਾਲ)<br>500 ਵਿੱਚੋਂ ਇੱਕ ਔਰਤ ਨੂੰ (ਸਪਾਈਨਲ ਨਾਲ) | ਅਸਾਧਾਰਣ,ਨਿਰਾਲਾ |
| ਨਸ ਦਾ ਖਰਾਬ ਹੋਣਾ (ਜਿਵੇਂ ਕਿ ਲੱਤ ਜਾਂ ਪੈਰ ਤੇ ਸੁੰਨ ਜਗਾਹ ਜਾਂ ਫਿਰ ਕਮਜੋਰ ਲੱਤ ) | ਥੋੜੇ ਸਮੇ ਹੀ ਰਹਿੰਦਾ ਹੈ-<br>1000 ਵਿੱਚੋਂ ਇੱਕ ਔਰਤ ਨੂੰ | ਦੁਰਲੱਭ |
| ਮਹੀਨੇ ਤੋਂ ਜਿਆਦਾ ਅਸਰ ਰਹਿਣਾ 6 | ਪੱਕੇ ਤੌਰ ਤੇ– 13000<br>ਵਿੱਚੋਂ ਇੱਕ ਔਰਤ ਨੂੰ | ਦੁਰਲੱਭ |
| ਐਪੀਡਿਊਰਲ ਦੀ ਜਗਾਹ ਦੇ ਅੰਦਰ ਫੋੜਾ | 50,000 ਵਿੱਚੋਂ ਇੱਕ ਔਰਤ ਨੂੰ | ਬਹੁਤ ਹੀ ਦੁਰਲੱਭ |
| ਮੈਨਿੰਜਾਈਟਸ (ਦਿਮਾਗ ਅਤੇ ਰੀੜ ਦੀ ਹੱਡੀ ਦੇ ਦੁਆਲੇ ਦੀ ਝਿੱਲੀ) ਦਾ ਰੋਗ | 100,000 ਵਿੱਚੋਂ ਇੱਕ ਔਰਤ ਨੂੰ | ਬਹੁਤ ਹੀ ਦੁਰਲੱਭ |
| ਐਪੀਡਿਊਰਲ ਦੀ ਜਗਾਹ ਦੇ ਅੰਦਰ ਖੂਨ ਦੀ ਫੁੱਟੀ ਜੰਮਣਾ | 170,000 ਵਿੱਚੋਂ ਇੱਕ ਔਰਤ ਨੂੰ | ਬਹੁਤ ਹੀ ਦੁਰਲੱਭ |
| ਅਚਾਨਕ ਬੇਹੋਸ਼ੀ | 100,000 ਵਿੱਚੋਂ ਇੱਕ ਔਰਤ ਨੂੰ | ਬਹੁਤ ਹੀ ਦੁਰਲੱਭ |
| ਬਹੁਤ ਜਿਆਦਾ ਸੱਟ ਅਤੇ ਅਧਰੰਗ | 250,000 ਵਿੱਚੋਂ ਇੱਕ ਔਰਤ ਨੂੰ | ਬਹੁਤ ਬਹੁਤ ਹੀ ਦੁਰਲੱਭ |

ਛਪੇ ਹੋਏ ਕਾਗਜਾਤ ਤੋਂ ਇਹ ਜਾਣਕਾਰੀ ਠੀਕ ਤਰਾਂ ਨਹੀਂ ਲਈ ਜਾ ਸਕਦੀ। ਉਪਰ ਦਿਖਾਈਆਂ ਗਈਆਂ ਸੰਖਿਆਵਾਂ ਅੰਦਾਜੇ ਨਾਲ ਲਈਆਂ ਗਈਆਂ ਹਨ ਅਤੇ ਅਲੱਗ ਅਲੱਗ-ਅਲੱਗ ਹੋ ਸਕਦੀਆਂ ਹਨ।-ਹਸਪਤਾਲਾਂ ਵਿੱਚ ਅਲੱਗ

**ਇਸ ਕਾਰਡ ਦਾ ਦੂਸਰਾ ਪਾਸਾਤੁਹਾਨੂੰ ਲੇਬਰ ਲਈ ਐਪੀਡਿਊਰਲ ਬਾਰੇ ਦਸਦਾ ਹੈ**

© ਓਬਸਟੈਟਰਿਕ ਅਨੇਸਥੀਸੀਆ ਐਸੋਸੀਏਸ਼ਨ ,ਜਨਵਰੀ 2008

Punjabi translation by Dr Jaspreet Kaur